**ਪੰਜਾਬ ਸਰਕਾਰ**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ**

**(ਸਿਹਤ-1 ਸਾਖਾ)**

# <u>ਹੁਕਮ</u>

ਮਿਤੀ 15/02/2021 ਨੂੰ ਹੋਈ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸਾਂ ਸਨਮੁੱਖ ਹੇਠ ਲਿਖੇ ਸੀਨੀਅਰ ਮੈਡੀਕਲ ਅਫ਼ਸਰਾਂ ਨੂੰ ਤਨਖਾਹ ਸਕੇਲ 15600-39100+7600/-ਰੁਪਏ (ਗਰੇਡ ਪੇਅ) ਵਿੱਚ ਬਤੌਰ ਡਿਪਟੀ ਡਾਇਰੈਕਟਰ ਪਦ-ਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਡਾਕਟਰ ਦਾ ਨਾਮ ਅਤੇ ਸੇਵਾ ਨੰਬਰ | ਕੈਟਾਗਰੀ | ਵਿਸ਼ੇਸ਼ ਕਥਨ |
|---|---|---|---|
| 1. | ਨੀਰਾ ਸੇਠ, 6803/5837 | ਅੰਗਹੀਣ | ਅੰਗਹੀਣ ਦੇ ਨੁਕਤੇ ਵਿਰੁੱਧ |
| 2. | ਮਹਿੰਦਰ ਸਿੰਘ, 5627 | ਜਨਰਲ | ਆਪਣੀ ਸੀਨੀਆਰਤਾ ਤੇ |

2. ਇਹ ਹੁਕਮ ਮਾਨਯੋਗ ਸਿਹਤ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ। ਜੋ ਕਿ ਮਿਤੀ 30-04-2021 ਨੂੰ ਸੇਵਾ ਨਿਵਿਰਤੀਆਂ ਕਾਰਨ ਆਸਾਮੀਆਂ ਖਾਲੀ ਹੋਣ ਤੇ ਮਿਤੀ 01-05-2021 ਤੋਂ ਲਾਗੂ ਹੋਣਗੇ।

3. ਉਕਤ ਸੀਨੀਅਰ ਮੈਡੀਕਲ ਅਫ਼ਸਰਾਂ ਦੀ ਬਤੌਰ ਡਿਪਟੀ ਡਾਇਰੈਕਟਰ ਪਦ-ਉਨਤੀਆਂ ਹੇਠ ਲਿੱਖੀਆਂ ਸ਼ਰਤਾਂ ਤੇ ਅਧਾਰਿਤ ਹੋਵੇਗੀ :-

ੳ) ਪਰਖਕਾਲ ਦਾ ਸਮਾਂ ਇੱਕ ਸਾਲ ਦਾ ਹੋਵੇਗਾ।

ਅ) ਇਹ ਹੁਕਮ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਅਧਾਰ ਤੇ ਕੋਈ ਹੋਰ ਨਵੇਂ ਤੱਥ ਅਧਿਕਾਰੀ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਸ ਅਧਿਕਾਰੀ ਦੀ ਕੀਤੀ ਗਈ ਪਦ-ਉਨਤੀ ਬਾਰੇ ਮੁੜ ਵਿਚਾਰ ਕੀਤਾ ਜਾਵੇਗਾ ਅਤੇ ਬਿਨਾਂ ਕਿਸੇ ਨੋਟਿਸ ਤੋਂ ਉਸਨੂੰ ਹੇਠਲੀ ਅਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

ੲ) ਜੇਕਰ ਕੋਈ ਅਧਿਕਾਰੀ ਡੈਪੂਟੇਸ਼ਨ ਤੋਂ ਵਾਪਿਸ ਆ ਜਾਂਦਾ ਹੈ ਜਾਂ ਆਸਾਮੀ ਘਟ ਜਾਂਦੀ ਹੈ ਤਾਂ ਸਭ ਤੋਂ ਜੂਨੀਅਰ ਅਧਿਕਾਰੀ ਨੂੰ ਰਿਵਰਟ ਕੀਤਾ ਜਾਵੇਗਾ।

ਸ) ਇਹ ਹੁਕਮ 85ਵੀਂ ਸੰਵਿਧਾਨਿਕ ਸੋਧ ਨੂੰ ਲਾਗੂ ਕਰਨ ਬਾਰੇ ਸਰਕਾਰ ਵੱਲੋ ਲਏ ਗਏ ਫੈਸਲੇ ਤੇ ਅਧਾਰਤ ਹਨ।

ਹ) ਜੇਕਰ ਇਨ੍ਹਾਂ ਡਾਕਟਰਾਂ ਬਾਰੇ ਸੀਨੀਆਰਤਾ ਅਨੁਸਾਰ ਸੀਨੀਅਰ/ਜੂਨੀਅਰ ਸਬੰਧੀ ਰਿਕਾਰਡ ਦੇ ਅਧਾਰ ਤੇ ਜਾਂ ਕੋਈ ਨਵੇਂ ਤੱਥ/ਰਿਕਾਰਡ/ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ, ਤਾਂ ਕੀਤੀ ਗਈ ਪਦ-ਉਨਤੀ ਮੁੜ ਵਿਚਾਰਨਯੋਗ ਹੋਵੇਗੀ।

ਕ) ਜੇਕਰ ਡਾ:ਸੰਜੀਵ ਕੁਮਾਰ ਭੱਲਾ, ਸੇਵਾ ਨੰਬਰ 5615 ਵਿਰੁੱਧ ਨਿਯਮ-8 ਅਧੀਨ ਜਾਰੀ ਕੀਤੀ ਗਈ ਦੋਸ਼ ਸੂਚੀ ਦਾ ਫੈਸਲਾ ਉਸਦੇ ਹੱਕ ਵਿਚ ਹੋ ਜਾਂਦਾ ਹੈ, ਭਾਵ ਦੋਸ਼ ਸੂਚੀ ਫਾਈਲ ਹੋ ਜਾਂਦੀ ਹੈ ਤਾਂ ਡਾ:ਮਹਿੰਦਰ ਸਿੰਘ, ਸੇਵਾ ਨੰਬਰ 5627 ਨੂੰ ਸੀਨੀਅਰ ਮੈਡੀਕਲ ਅਫਸਰ ਦੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

**ਮਿਤੀ, ਚੰਡੀਗੜ੍ਹ:**
**27/04/2021**

**ਹੁਸਨ ਲਾਲ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,**
**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ।**

ਪਿੱਠ ਅੰ:ਨੰ:1/4/2021-3ਸਿ1/1184 ਮਿਤੀ,ਚੰਡੀਗੜ੍ਹ:-**27/04/2021**

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੈਨੇਜਿੰਗ ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ (ਪਰਿਆਸ ਭਵਨ), ਸੈਕਟਰ-38, ਚੰਡੀਗੜ੍ਹ।
2. ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਫੇਜ-6, ਮੋਹਾਲੀ।
3. ਸਮੂਹ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ/ਸਿਹਤ ਸੇਵਾਵਾਂ (ਪਰਿਵਾਰ ਭਲਾਈ)/ਸਿਹਤ ਸੇਵਾਵਾਂ (ਸ:ਬ:), ਪੰਜਾਬ, ਚੰਡੀਗੜ੍ਹ।
4. ਸਮੂਹ ਸਿਵਲ ਸਰਜਨ/ਮੈਡੀਕਲ ਸੁਪਰਡੰਟ, ਈ.ਐਸ.ਆਈ., ਹਸਪਤਾਲ, ਪੰਜਾਬ ਰਾਜ।
5. ਸਿਸਟਮ ਐਨਾਲਿਸਟ ਦਫ਼ਤਰ ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ ਨੂੰ ਸਿਹਤ ਵਿਭਾਗ ਪੰਜਾਬ ਦੀ ਵੈਬਸਾਈਟ ਉਤੇ ਅਪਲੋਡ ਕਰਨ ਹਿਤ।
6. ਸਬੰਧਤ ਡਾਕਟਰ।

**(ਗੁਰਜੀਤ ਸਿੰਘ)**
**ਸੁਪਰਡੰਟ**

**ਅੰਦਰੂਨੀ ਵੰਡ**

1. ਨਿੱਜੀ ਸਕੱਤਰ/ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਸਿਹਤ।
3. ਨਿੱਜੀ ਸਹਾਇਕ/ਸਕੱਤਰ,ਸਿਹਤ।
4. ਨਿੱਜੀ ਸਹਾਇਕ/ਸੰਯੁਕਤ ਸਕੱਤਰ,ਸਿਹਤ।